ਪਾਠ-6

# ਚਿੜੀ ਤੇ ਪਿੱਪਲ਼



ਇੱਕ ਸੀ ਚਿੜੀ। ਚਿੜੀ ਨੂੰ ਬੜੀ ਭੁੱਖ ਲੱਗੀ ਸੀ। ਉਹ ਆਪਣੇ ਖਾਣ ਲਈ ਕੁਝ ਲੱਭਣ ਲੱਗੀ। ਲੱਭਦਿਆਂ-ਲੱਭਦਿਆਂ ਉਸ ਨੂੰ ਇੱਕ ਦਾਣਾ ਲੱਭ ਗਿਆ। ਉਹ ਪਿੱਪਲ਼ ਦੇ ਰੁੱਖ ਉੱਤੇ ਬੈਠ ਕੇ ਦਾਣਾ ਖਾਣ ਲੱਗੀ। ਦਾਣਾ ਪਿੱਪਲ਼ ਦੀ ਖੁੱਡ ਵਿੱਚ ਡਿਗ ਪਿਆ। ਚਿੜੀ ਨੇ ਪਿੱਪਲ਼ ਨੂੰ ਕਿਹਾ 'ਪਿੱਪਲ਼ਾ-ਪਿੱਪਲ਼ਾ, ਦਾਣਾ ਦੇ।' ਪਿੱਪਲ਼ ਬੋਲਿਆ, "ਨਹੀਂ ਦਿੰਦਾ।"

ਪਿੱਪਲ਼ ਦਾਣਾ ਦੇਵੇ ਨਾ,<br>
ਚਿੜੀ ਵਿਚਾਰੀ ਕੀ ਕਰੇ?<br>
ਠੰਢਾ ਪਾਣੀ ਪੀ ਮਰੇ?<br>
ਨਹੀਂ, ਆਪਣੀ ਕੋਸ਼ਸ਼ ਹੋਰ ਕਰੇ।

ਚਿੜੀ ਅੱਗ ਕੋਲ਼ ਗਈ। ਉਸ ਨੇ ਅੱਗ ਨੂੰ ਕਿਹਾ, 'ਅੱਗ-ਅੱਗ, ਪਿੱਪਲ਼ ਨੂੰ ਸਾੜ ਦੇ।' ਅੱਗ ਨੇ ਕਿਹਾ, "ਮੈਂ ਨਹੀਂ ਸਾੜਦੀ।"

ਅੱਗ ਪਿੱਪਲ਼ ਨੂੰ ਸਾੜੇ ਨਾ,

ਪਿੱਪਲ਼ ਦਾਣਾ ਦੇਵੇ ਨਾ,

ਚਿੜੀ ਵਿਚਾਰੀ ਕੀ ਕਰੇ?

ਠੰਢਾ ਪਾਣੀ ਪੀ ਮਰੇ?

ਨਹੀਂ, ਆਪਣੀ ਕੋਸ਼ਸ਼ ਹੋਰ ਕਰੇ।



ਹੁਣ ਚਿੜੀ ਪਾਣੀ ਕੋਲ਼ ਗਈ। ਉਸ ਨੇ ਪਾਣੀ ਨੂੰ ਕਿਹਾ, 'ਪਾਣੀ-ਪਾਣੀ, ਅੱਗ ਬੁਝਾ ਦੇ।' ਪਾਣੀ ਕਹਿੰਦਾ, "ਮੈਂ ਨਹੀਂ ਬੁਝਾਉਂਦਾ।"

ਪਾਣੀ ਅੱਗ ਬੁਝਾਵੇ ਨਾ,

ਅੱਗ ਪਿੱਪਲ਼ ਨੂੰ ਸਾੜੇ ਨਾ,

ਪਿੱਪਲ਼ ਦਾਣਾ ਦੇਵੇ ਨਾ,

ਚਿੜੀ ਵਿਚਾਰੀ ਕੀ ਕਰੇ?

ਠੰਢਾ ਪਾਣੀ ਪੀ ਮਰੇ?

ਨਹੀਂ, ਆਪਣੀ ਕੋਸ਼ਸ਼ ਹੋਰ ਕਰੇ।



ਚਿੜੀ ਫਿਰ ਹਾਥੀ ਕੋਲ਼ ਗਈ। ਉਸ ਨੇ ਹਾਥੀ ਨੂੰ ਕਿਹਾ, 'ਹਾਥੀ-ਹਾਥੀ, ਪਾਣੀ ਨੂੰ ਪੀ ਜਾ।' ਹਾਥੀ ਨੇ ਕਿਹਾ, "ਮੈਂ ਨਹੀਂ ਪੀਂਦਾ।"

ਹਾਥੀ ਪਾਣੀ ਪੀਵੇ ਨਾ,

ਪਾਣੀ ਅੱਗ ਬੁਝਾਵੇ ਨਾ,

ਅੱਗ ਪਿੱਪਲ਼ ਨੂੰ ਸਾੜੇ ਨਾ,


ਪਿੱਪਲ਼ ਦਾਣਾ ਦੇਵੇ ਨਾ,



ਚਿੜੀ ਵਿਚਾਰੀ ਕੀ ਕਰੇ?
ਠੰਢਾ ਪਾਣੀ ਪੀ ਮਰੇ?
ਨਹੀਂ, ਆਪਣੀ ਕੋਸ਼ਸ਼ ਹੋਰ ਕਰੇ।

ਫਿਰ ਚਿੜੀ ਰੱਸੇ ਕੋਲ਼ ਗਈ। ਉਸ ਨੇ ਰੱਸੇ ਨੂੰ ਕਿਹਾ, 'ਰੱਸਿਆ-ਰੱਸਿਆ, ਹਾਥੀ ਨੂੰ ਬੰਨ੍ਹ ਦੇ।' ਰੱਸੇ ਨੇ ਕਿਹਾ, "ਮੈਂ ਨਹੀਂ ਬੰਨ੍ਹਦਾ।"

ਰੱਸਾ ਹਾਥੀ ਬੰਨ੍ਹੇ ਨਾ,
ਹਾਥੀ ਪਾਣੀ ਪੀਵੇ ਨਾ,
ਪਾਣੀ ਅੱਗ ਬੁਝਾਵੇ ਨਾ,
ਅੱਗ ਪਿੱਪਲ਼ ਨੂੰ ਸਾੜੇ ਨਾ,
ਪਿੱਪਲ਼ ਦਾਣਾ ਦੇਵੇ ਨਾ,
ਚਿੜੀ ਵਿਚਾਰੀ ਕੀ ਕਰੇ?
ਠੰਢਾ ਪਾਣੀ ਪੀ ਮਰੇ?
ਨਹੀਂ, ਆਪਣੀ ਕੋਸ਼ਸ਼ ਹੋਰ ਕਰੇ।



ਫਿਰ ਚਿੜੀ ਚੂਹੇ ਕੋਲ਼ ਗਈ। ਉਸ ਨੇ ਚੂਹੇ ਨੂੰ ਕਿਹਾ, 'ਚੂਹੇ-ਚੂਹੇ, ਰੱਸੇ ਨੂੰ ਕੁਤਰ ਦੇ।' ਚੂਹਾ ਕਹਿੰਦਾ, "ਮੈਂ ਰੱਸੇ ਨੂੰ ਨਹੀਂ ਕੁਤਰਦਾ।"

ਚੂਹਾ ਰੱਸਾ ਕੁਤਰੇ ਨਾ,
ਰੱਸਾ ਹਾਥੀ ਬੰਨ੍ਹੇ ਨਾ,
ਹਾਥੀ ਪਾਣੀ ਪੀਵੇ ਨਾ,
ਪਾਣੀ ਅੱਗ ਬੁਝਾਵੇ ਨਾ,
ਅੱਗ ਪਿੱਪਲ਼ ਨੂੰ ਸਾੜੇ ਨਾ,
ਪਿੱਪਲ਼ ਦਾਣਾ ਦੇਵੇ ਨਾ,
ਚਿੜੀ ਵਿਚਾਰੀ ਕੀ ਕਰੇ?
ਠੰਢਾ ਪਾਣੀ ਪੀ ਮਰੇ?
ਨਹੀਂ, ਆਪਣੀ ਕੋਸ਼ਸ਼ ਹੋਰ ਕਰੇ।



ਫਿਰ ਚਿੜੀ, ਬਿੱਲੀ ਕੋਲ਼ ਗਈ। ਉਸ ਨੇ ਕਿਹਾ, "ਬਿੱਲੀਏ-ਬਿੱਲੀਏ, ਚੂਹੇ ਨੂੰ ਖਾ ਜਾ।" ਬਿੱਲੀ ਭੁੱਖੀ ਸੀ। ਉਹ ਮੰਨ ਗਈ।

ਬਿੱਲੀ ਚੂਹੇ ਨੂੰ ਖਾਣ ਲੱਗੀ,
ਚੂਹਾ ਰੱਸਾ ਕੁਤਰਨ ਲੱਗਾ,
ਰੱਸਾ ਹਾਥੀ ਬੰਨ੍ਹਣ ਲੱਗਾ,
ਹਾਥੀ ਪਾਣੀ ਪੀਣ ਲੱਗਾ,
ਪਾਣੀ ਅੱਗ ਬੁਝਾਉਣ ਲੱਗਾ,
ਅੱਗ ਪਿੱਪਲ਼ ਨੂੰ ਸਾੜਨ ਲੱਗੀ,
ਪਿੱਪਲ਼ ਨੇ ਦਾਣਾ ਦੇ ਦਿੱਤਾ,
ਚਿੜੀ ਨੇ ਦਾਣਾ ਖਾ ਲਿਆ,
ਆਪਣਾ ਹਿੱਸਾ ਪਾ ਲਿਆ,
ਚਿੜੀ ਚੀਂ-ਚੀਂ ਕਰਦੀ ਉੱਡ ਗਈ।



## ਪਾਠ-ਅਭਿਆਸ



1. ਹੇਠ ਲਿਖੇ ਵਾਕਾਂ ਅੱਗੇ ਸਹੀ ਜਾਂ ਗ਼ਲਤ ਦਾ ਨਿਸ਼ਾਨ ਲਗਾਓ :

(ੳ) ਚਿੜੀ ਨੂੰ ਬਹੁਤ ਪਿਆਸ ਲੱਗੀ ਸੀ। ☐

(ਅ) ਦਾਣਾ ਪਿੱਪਲ਼ ਦੀ ਜੜ੍ਹ ਵਿੱਚ ਡਿਗ ਪਿਆ। ☐

(ੲ) ਬਿੱਲੀ ਚਿੜੀ ਦੀ ਮਦਦ ਕਰਨ ਲਈ ਮੰਨ ਗਈ ਸੀ। ☐

2. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :

(ੳ) ਚਿੜੀ ਨੂੰ ਕੀ ਲੱਭਿਆ?

(ਅ) ਦਾਣਾ ਕਿੱਥੇ ਡਿਗ ਪਿਆ ਸੀ?

(ੲ) ਚਿੜੀ ਮਦਦ ਲੈਣ ਲਈ ਕਿਸ-ਕਿਸ ਕੋਲ਼ ਗਈ?

(ਸ) ਚਿੜੀ ਨੇ ਚੂਹੇ ਨੂੰ ਕੀ ਕਿਹਾ?

3. ਸਮਝੋ ਅਤੇ ਲਿਖੋ :

ਚਿੜੀ – ਚਿੜੀਆਂ

ਬਿੱਲੀ – ____

ਦਾਣਾ – ਦਾਣੇ

ਰੱਸਾ – ____

ਚੂਹਾ – ____



4. **ਸਮਝੋ ਅਤੇ ਲਿਖੋ :**

ਚਿੜਾ – ਚਿੜੀ

ਚੂਹੀ – ____________

ਬਿੱਲਾ – ____________

ਰੱਸੀ – ____________

ਹਥਣੀ – ____________

5. **ਹੇਠ ਲਿਖੇ ਸੰਦੇਸ ਵਿੱਚ ਰੰਗ ਭਰੋ -**

# ਲੋੜਵੰਦ ਦੀ

# ਮਦਦ ਕਰੋ ।